**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:0172- 2623207, 2620106**
**ਫੈਕਸ:0172-2624687** ਈ-ਮੇਲssapunjab@yahoo.com

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2010/40424
ਮਿਤੀ ਚੰਡੀਗੜ੍ਹ 04.06.2010

**ਵਿਸ਼ਾ:- ਟੀ.ਐਲ.ਐਮ. ਦੀ ਵਰਤੋਂ ਸਬੰਧੀ।**
**ਹਵਾਲਾ:-ਏ.ਐਸ.ਪੀ.ਡੀ/ਮੀਡੀਆ/2009/53805-824,53825-887 ਮਿਤੀ ਚੰਡੀਗੜ੍ਹ 21.7.09 ਅਤੇ ਏ.ਐਸ.ਪੀ.ਡੀ/ਮੀਡੀਆ/2009/80325-80344 ਮਿਤੀ ਚੰਡੀਗੜ੍ਹ 18.12.09**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਹਰੇਕ ਸਕੂਲ ਵਿੱਚ ਅਧਿਆਪਕ ਨੂੰ ਟੀ.ਐਲ.ਐਮ. ਦੀ ਗਰਾਂਟ ਜਾਰੀ ਕੀਤੀ ਜਾਂਦੀ ਹੈ ਪਰ ਦੇਖਣ ਵਿੱਚ ਅਕਸਰ ਇਹ ਆਇਆ ਹੈ ਕਿ ਅਧਿਆਪਕ ਸਮੇਂ ਸਿਰ ਇਹ ਗਰਾਂਟ ਖਰਚ ਨਹੀਂ ਕਰਦੇ ਜਿਸ ਕਰਕੇ ਟੀ.ਐਲ.ਐਮ. ਗਰਾਂਟ ਅਣਵਰਤੀਂ ਹੀ ਪਈ ਰਹਿੰਦੀ ਹੈ। ਜੋ ਕਿ ਸਰਵ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਦੀ ਸਰਾਸਰ ਉਲੰਘਣਾ ਹੈ। ਦੂਸਰਾ, ਬੱਚਿਆਂ ਨੂੰ ਵੀ ਇਸ ਦਾ ਕੋਈ ਫਾਇਦਾ ਨਹੀਂ ਹੁੰਦਾ।ਸੋ ਸਮੇਂ ਸਿਰ ਟੀ.ਐਲ.ਐਮ.ਗਰਾਂਟ ਨੂੰ ਖਰਚਣਾ ਅਧਿਆਪਕ ਦੀ ਜ਼ਿੰਮੇਵਾਰੀ ਹੈ।

3.0 ਪੰਜਾਬ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ ਅਧਿਆਪਕਾਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਉਹ ਸਕੂਲਾਂ ਅੰਦਰ ਪਾਠਕ੍ਰਮ ਅਨੁਸਾਰ ਵਰਤੀ ਜਾਣ ਵਾਲੀ ਟੀ.ਐਲ.ਐਮ. ਤਿਆਰ ਕਰਕੇ ਬੱਚਿਆਂ ਨੂੰ ਟੀ.ਐਲ.ਐਮ.ਦੀ ਮਦਦ ਨਾਲ ਪੜ੍ਹਾਉਣ। ਅਧਿਆਪਕ ਬੱਚੇ ਦੇ ਪਾਠਕ੍ਰਮ ਅਨੁਸਾਰ ਟੀ.ਐਲ.ਐਮ. ਨੂੰ ਖੁਦ ਤਿਆਰ ਕਰਨ।

4.0 ਸੀ.ਐਮ.ਟੀ. ਅਧਿਆਪਕ ਨੂੰ ਪਾਠਕ੍ਰਮ ਅਨੁਸਾਰ ਟੀ.ਐਲ.ਐਮ. ਤਿਆਰ ਕਰਨ ਵਿੱਚ ਸਕੂਲਾਂ ਅੰਦਰ ਜਿੱਥੇ ਮਦਦ ਕਰਨਗੇ ਉੱਥੇ ਟੀ.ਐਲ.ਐਮ.ਦੀ ਰਾਸ਼ੀ ਨੂੰ ਸਮੇਂ ਸਿਰ ਖਰਚ ਕਰਨ ਸਬੰਧੀ ਵੀ ਮੁਨੀਟਰ ਕਰਨਗੇ।

5.0 ਅਧਿਆਪਕ ਵੱਲੋਂ ਤਿਆਰ ਕੀਤੀ ਟੀ.ਐਲ.ਐਮ.ਅਤੇ ਖਰਚ ਕੀਤੀ ਜਾ ਰਹੀ ਰਾਸ਼ੀ ਬਾਰੇ ਰਿਪੋਰਟ ਸੀ.ਐਮ.ਟੀ. ਦੁਆਰਾ ਬੀ.ਐਮ.ਟੀ. ਨੂੰ ਹਰ ਮਹੀਨੇ ਕੀਤੀ ਜਾਵੇਗੀ। ਅੱਗੋਂ ਬੀ.ਐਮ.ਟੀ. ਦੁਆਰਾ ਇਹ ਰਿਪੋਰਟ ਜ਼ਿਲ੍ਹਾ ਕੋਆਰਡੀਨੇਟਰ ਨੂੰ ਕੀਤੀ ਜਾਵੇਗੀ। ਜ਼ਿਲ੍ਹਾ ਕੋਆਰਡੀਨੇਟਰ ਹਰੇਕ ਮਹੀਨੇ ਇਸ ਦੀ ਰਿਪੋਰਟ ਮੁੱਖ ਦਫ਼ਤਰ ਨੂੰ ਮਹੀਨਾਵਾਰ ਮੀਟਿੰਗ ਵਿੱਚ ਕਰੇਗਾ।

6.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ/40425 ਮਿਤੀ: 04.06.2010

ਉਤਾਰਾ(1) ਸਮੂਹ ਸਰਕਲ ਸਿੱਖਿਆ ਅਫ਼ਸਰ।
(2) ਸਮੂਹ ਬੀ.ਪੀ.ਈ.ਓ.ਪੰਜਾਬ।
(3) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**